Letters 2022

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਰਾਹੀਂ ਈ-ਮੇਲ

ਨੰ.....1546...../ਕਾਲਜਾਂ/ਸ-4, ਸ-6, ਸ-3

ਮਿਤੀ ....31/1../2022

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ
ਦੇ ਚੇਅਰਮੈਨ/ਪ੍ਰਿੰਸੀਪਲ ਸਾਹਿਬਾਨਾਂ ਨੂੰ

ਵਿਸ਼ਾ: **ਅਕਾਦਮਿਕ ਸੈਸ਼ਨ 2022-23 ਲਈ ਕਾਲਜ ਵਿਖੇ ਚੱਲ ਰਹੇ ਐਮ.ਬੀ.ਏ/ਐਮ.ਸੀ.ਏ./ਐਮ.ਕਾਮ/ਐਮ.ਐਸ.ਸੀ *(ਐਮ.ਐਸ.ਸੀ. ਆਈ.ਟੀ. ਕੋਰਸ ਨੂੰ ਛੱਡ ਕੇ)*, ਐਮ.ਪੀ.ਐਡ/ਐਮ.ਐਡ ਅਤੇ ਐਲ.ਐਲ.ਐਮ ਕੋਰਸਾਂ ਦੀ (ਪ੍ਰਤੀ ਯੂਨਿਟ) ਕੰਟੀਨਿਊਸ਼ਨ ਫੀਸ ਭੇਜਣ ਸਬੰਧੀ।**

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਲਿਖੇ ਕੋਰਸਾਂ ਲਈ (ਪ੍ਰਤੀ ਯੂਨਿਟ) ਨਿਯਮਾਂ ਅਨੁਸਾਰ ਨਿਰਧਾਰਤ ਫੀਸਾਂ ਉਪਰੰਤ ਕੰਟੀਨਿਊਸ਼ਨ ਫੀਸ *(18% ਜੀ.ਐਸ.ਟੀ ਸਮੇਤ)* ਜਮ੍ਹਾਂ ਕਰਵਾਉਣ ਲਈ ਆਖਰੀ ਮਿਤੀ **ਬਿਨਾਂ ਲੇਟ ਫੀਸ** 31-08-2022 ਹੈ:-

1. **ਐਮ.ਬੀ.ਏ (2 ਸਾਲਾ)** ਪਹਿਲੇ ਸਾਲ 1 ਲੱਖ, ਦੂਜੇ ਸਾਲ 1 ਲੱਖ ਅਤੇ ਇਸ ਉਪਰੰਤ ਹਰ ਸਾਲ ਕੰਟੀਨਿਊਸ਼ਨ ਫੀਸ ਵਜੋਂ 1 ਲੱਖ ਰੁਪਏ
2. **ਐਮ.ਸੀ.ਏ (2 ਸਾਲਾ)** ਪਹਿਲੇ ਸਾਲ 1 ਲੱਖ, ਦੂਜੇ ਸਾਲ 1 ਲੱਖ ਅਤੇ ਇਸ ਉਪਰੰਤ ਹਰ ਸਾਲ ਕੰਟੀਨਿਊਸ਼ਨ ਫੀਸ ਵਜੋਂ 1 ਲੱਖ ਰੁਪਏ
3. **ਐਮ.ਕਾਮ (2 ਸਾਲਾ)** ਪਹਿਲੇ ਸਾਲ 1 ਲੱਖ, ਦੂਜੇ ਸਾਲ 1 ਲੱਖ ਅਤੇ ਇਸ ਉਪਰੰਤ ਹਰ ਸਾਲ ਕੰਟੀਨਿਊਸ਼ਨ ਫੀਸ ਵਜੋਂ 50 ਹਜ਼ਾਰ ਰੁਪਏ
4. **ਐਮ.ਐਸ.ਸੀ.(2 ਸਾਲਾ)** ਪਹਿਲੇ ਸਾਲ 1 ਲੱਖ, ਦੂਜੇ ਸਾਲ 1 ਲੱਖ ਅਤੇ ਇਸ ਉਪਰੰਤ ਹਰ ਸਾਲ ਕੰਟੀਨਿਊਸ਼ਨ ਫੀਸ ਵਜੋਂ 50 ਹਜ਼ਾਰ ਰੁਪਏ
   ***(ਐਮ.ਐਸ.ਸੀ.(ਆਈ.ਟੀ) ਕੋਰਸ ਨੂੰ ਛੱਡ ਕੇ)***
5. **ਐਮ.ਪੀ.ਐਡ (2 ਸਾਲਾ)** ਪਹਿਲੇ ਸਾਲ 1 ਲੱਖ, ਦੂਜੇ ਸਾਲ 1 ਲੱਖ ਅਤੇ ਇਸ ਉਪਰੰਤ ਹਰ ਸਾਲ ਕੰਟੀਨਿਊਸ਼ਨ ਫੀਸ ਵਜੋਂ 50 ਹਜ਼ਾਰ ਰੁਪਏ
6. **ਐਮ.ਐਡ (2 ਸਾਲਾ)** ਪਹਿਲੇ ਸਾਲ 1 ਲੱਖ, ਦੂਜੇ ਸਾਲ 1 ਲੱਖ ਅਤੇ ਇਸ ਉਪਰੰਤ ਹਰ ਸਾਲ ਕੰਟੀਨਿਊਸ਼ਨ ਫੀਸ ਵਜੋਂ 50 ਹਜ਼ਾਰ ਰੁਪਏ
7. **ਐਲ.ਐਲ.ਐਮ (2 ਸਾਲਾ)** ਪਹਿਲੇ ਸਾਲ 1 ਲੱਖ, ਦੂਜੇ ਸਾਲ 1 ਲੱਖ ਅਤੇ ਇਸ ਉਪਰੰਤ ਹਰ ਸਾਲ ਕੰਟੀਨਿਊਸ਼ਨ ਫੀਸ ਵਜੋਂ 50 ਹਜ਼ਾਰ ਰੁਪਏ

ਉਕਤ ਨਿਰਧਾਰਤ ਕੰਟੀਨਿਊਸ਼ਨ ਫੀਸਾਂ ਜੁਰਮਾਨੇ ਸਹਿਤ ਜਮ੍ਹਾਂ ਕਰਵਾਉਣ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:-

1. ਮਿਤੀ 01-09-2022 ਤੋਂ 30-09-2022 ਤੱਕ — ਬਣਦੀ ਫੀਸ 10% ਜੁਰਮਾਨੇ ਸਮੇਤ
2. 01-10-2022 ਤੋਂ 30-10-2022 ਤੱਕ — ਬਣਦੀ ਫੀਸ 20% ਜੁਰਮਾਨੇ ਸਮੇਤ
3. ਇਸ ਉਪਰੰਤ ਉਕਤ ਕੋਰਸਾਂ ਦੀ ਬਣਦੀ ਕੰਟੀਨਿਊਸ਼ਨ ਫੀਸ ਦੋ ਗੁਣਾਂ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ।

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਜਾਂ ਵਲੋਂ ਕੋਰਸਾਂ ਅਤੇ ਕਾਲਜ ਦੀਆਂ ਭੇਜੀਆਂ ਜਾਣ ਵਾਲੀਆਂ ਕੰਟੀਨਿਊਸ਼ਨ ਫੀਸਾਂ ਆਰ.ਟੀ.ਜੀ.ਐਸ ਰਾਹੀਂ (ਯੂਨੀਵਰਸਿਟੀ ਦੇ ਖਾਤਾ ਨੰ: 65257458501 ਵਿਚ) ਵੱਖੋ-ਵੱਖਰੀਆਂ (ਵੱਖ-ਵੱਖ ਲੈਟਰ ਹੈੱਡਾਂ ਰਾਹੀਂ) ਜਮ੍ਹਾਂ ਕਰਵਾਈਆਂ ਜਾਣ ਕਿਉਂਕਿ *ਕਾਲਜ ਦੀ ਕੰਟੀਨਿਊਸ਼ਨ ਫੀਸ* ਅਤੇ *ਕੋਰਸ ਦੀ ਕੰਟੀਨਿਊਸ਼ਨ ਫੀਸ* ਇਕੱਠੀ ਭੇਜਣ ਨਾਲ ਮੁਸ਼ਕਿਲ ਪੇਸ਼ ਆਉਂਦੀ ਹੈ।

ਉਕਤ ਫੀਸਾਂ ਜਮ੍ਹਾਂ ਕਰਵਾਉਣ ਉਪਰੰਤ ਕਾਲਜ ਦੇ ਲੈਟਰ ਹੈੱਡ ਤੇ (ਜਿਸ ਉੱਤੇ **UTR/RTGS/Chq.No.** ਸਹੀ ਲਿਖੇ ਹੋਣ) (ਬੈਂਕ ਵਲੋਂ ਪ੍ਰਾਪਤ ਰਸੀਦ ਸਮੇਤ) ਉਸੇ ਦਿਨ ਈ-ਮੇਲ ਰਾਹੀਂ ਭੇਜ ਕੇ ਦਫਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਇਸਦੀ ਇਕ **hard copy** ਵੀ ਦਫਤਰ ਵਿਖੇ ਜਮ੍ਹਾਂ ਕਰਵਾਈ ਜਾਵੇ।

ਸਹਾਇਕ ਰਜਿਸਟਰਾਰ (ਕਾਲਜਾਂ)